ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
ਸਮੱਗਰਾ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)
ਵਿੱਦਿਆ ਭਵਨ, ਈ ਬਲਾਕ, ਪੰਜਵੀ ਮੰਜਿਲ, ਫੇਜ਼-8 ਐਸ.ਏ.ਐਸ ਨਗਰ (ਮੁਹਾਲੀ) ,ਪੰਜਾਬ

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਪੰਜਾਬ

ਮੀਮੋ ਨੰ. ਸਮੱਗਰਾ/ਪਲਾਨ/2019/419935 ਮਿਤੀ: 11-12-19

ਵਿਸ਼ਾ: ਸਮੱਗਰਾ ਸਿਖਿਆ ਅਧੀਨ ਜਿਲ੍ਹਾ ਪੱਧਰ ਤੇ 9ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀਆਂ ਲਈ "ਕਲਾ ਉਤਸਵ" ਕਰਵਾਉਣ ਸਬੰਧੀ।

1. ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕਰਨਾ ਜੀ।

2. ਵਿਦਿਆਰਥੀਆਂ ਨੂੰ ਆਪਣੇ ਵਿਰਸੇ ਨਾਲ ਜੋੜਨ ਅਤੇ ਉਹਨਾਂ ਵਿੱਚ ਛੁੱਪੀ ਪ੍ਰਤਿਭਾ ਨੂੰ ਉਭਾਰਨ ਦੇ ਮੰਤਵ ਨਾਲ ਅਤੇ ਪਿਛਲੇ ਸਾਲਾ ਦੀ ਸਫਲਤਾ ਨੂੰ ਮੁੱਖ ਰੱਖਦੇ ਹੋਏ ਭਾਰਤ ਸਰਕਾਰ ਵੱਲੋਂ ਸਮੱਗਰਾ ਸਿਖਿਆ ਅਧੀਨ ਸਰਕਾਰੀ, ਸਰਕਾਰੀ ਏਡਿਡ, ਪ੍ਰਾਈਵੇਟ, ਲੋਕਲ ਬੋਡੀ ਅਤੇ ਕੇਂਦਰ ਸਰਕਾਰ ਦੇ ਸਕੂਲਾਂ ਵਿੱਚ ਪੜ੍ਹਦੇ 9ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀਆਂ ਲਈ "ਕਲਾ ਉਤਸਵ" ਨਾਂ ਦੀ ਗਤੀਵਿਧੀ ਅਪਰੂਵ ਕੀਤੀ ਗਈ ਹੈ ਜਿਸ ਵਿੱਚ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀ ਵੱਖ-ਵੱਖ ਮੁਕਾਬਲਿਆਂ ਰਾਹੀਂ ਸਕੂਲ, ਜਿਲ੍ਹਾ, ਜ਼ੋਨ, ਰਾਜ ਅਤੇ ਰਾਸ਼ਟਰ ਪੱਧਰ ਤੇ ਆਪਣੀ ਪ੍ਰਤਿਭਾ ਨੂੰ ਪ੍ਰਦਰਸ਼ਿਤ ਕਰਨਗੇ। ਅਜਿਹਾ ਕਰਨ ਨਾਲ ਜਿੱਥੇ ਵਿਦਿਆਰਥੀਆਂ ਵਿੱਚ ਕਲਾ ਪ੍ਰਤੀ ਰੁਚੀ ਵਧੇਗੀ ਉੱਥੇ ਦੇਸ਼ ਦੇ ਵੱਖ-ਵੱਖ ਪ੍ਰਾਂਤਾਂ ਦੀ ਸੰਸਕ੍ਰਿਤੀ ਅਤੇ ਵਿਰਸੇ ਨੂੰ ਜਾਨਣ ਦਾ ਮੌਕਾ ਵੀ ਮਿਲੇਗਾ।

3. ਕਲਾ ਉਤਸਵ ਅਧੀਨ ਮੁਕਾਬਲੇ ਜਿਲ੍ਹਾ, ਰਾਜ ਅਤੇ ਰਾਸ਼ਟਰ ਪੱਧਰ ਤੇ ਕਰਵਾਏ ਜਾਣੇ ਹਨ। ਕਲਾ ਉਤਸਵ ਤਹਿਤ ਕਰਵਾਏ ਜਾ ਰਹੇ ਮੁਕਾਬਲਿਆਂ ਦੇ ਹੇਠ ਲਿਖੇ ਅਨੁਸਾਰ 4 ਪੱਧਰ ਹੋਣਗੇ:-
   - ਜਿਲ੍ਹਾ ਪੱਧਰ: ਸਕੂਲਾਂ ਵਲੋਂ ਆਪਣੀਆਂ Entries ਜਿਲ੍ਹਾ ਪੱਧਰ ਤੇ ਭੇਜੀਆਂ ਜਾਣਗੀਆਂ।
   - ਰਾਜ ਪੱਧਰ: ਜ਼ੋਨ ਪੱਧਰ ਤੇ ਜੇਤੂ ਵਿਦਿਆਰਥੀ ਰਾਜ ਪੱਧਰ ਤੇ ਭਾਗ ਲੈਣਗੇ।
   - ਰਾਸ਼ਟਰ ਪੱਧਰ: ਰਾਜ ਪੱਧਰ ਤੇ ਜੇਤੂ ਵਿਦਿਆਰਥੀ ਰਾਸ਼ਟਰ ਪੱਧਰ ਤੇ ਭਾਗ ਲੈਣਗੇ।

5. ਜਿਲ੍ਹਾ ਪੱਧਰ ਤੇ ਕਲਾ ਉਤਸਵ ਕਰਵਾਉਣ ਲਈ ਦਿਸ਼ਾ ਨਿਰਦੇਸ਼ ਹੇਠ ਲਿਖੇ ਅਨੁਸਾਰ ਹਨ:
   - ਕਲਾ ਉਤਸਵ ਵਿੱਚ ਕੇਵਲ ਸਰਕਾਰੀ, ਸਰਕਾਰੀ ਏਡਿਡ, ਪ੍ਰਾਈਵੇਟ, ਲੋਕਲ ਬੋਡੀ ਅਤੇ ਕੇਂਦਰ ਸਰਕਾਰ ਦੇ ਸਕੂਲਾਂ ਵਿੱਚ ਪੜ੍ਹਦੇ 9ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀ ਹੀ ਭਾਗ ਲੈਣਗੇ।

- ਕਲਾ ਉਤਸਵ ਵਿਚ ਕੇਵਲ ਸਰਕਾਰੀ, ਸਰਕਾਰੀ ਏਡਿਡ, ਪ੍ਰਾਈਵੇਟ, ਲੋਕਲ ਬੋਡੀ ਅਤੇ ਕੇਂਦਰ ਸਰਕਾਰ ਦੇ ਸਕੂਲਾਂ ਵਿਚ ਪੜ੍ਹਦੇ 9ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀ ਹੀ ਭਾਗ ਲੈਣਗੇ।
- ਕਲਾ ਉਤਸਵ 2019 ਸਮਾਰੋਹ ਦੀ ਤਿਆਰੀ ਕਿਸੀ ਵੀ Traditional /Classical /folk Contemperary form ਵਿਚ ਕੀਤੀ ਜਾ ਸਕਦੀ ਹੈ।
- Contemperary form ਵਿਚ regional and classical culture art form ਹੀ ਪੇਸ਼ ਕੀਤਾ ਜਾ ਸਕਦਾ ਹੈ।
- ਕਲਾ ਉਤਸਵ ਲਈ ਚਾਰ Areas – Solo Music (Vocal). Solo Music (Instrumental). Solo Dance, Painting, ਚੁਣੇ ਗਏ ਹਨ।
- ਉਪਰੋਕਤ Areas ਵਿਚੋਂ ਹਰ ਖੇਤਰ ਲਈ ਦੋ ਐਂਟਰੀਆਂ (1 Female student & 1 Male student) ਹੋਣਗੀਆਂ।
- ਕਲਾ ਉਤਸਵ ਵਿੱਚ ਭਾਗ ਲੈਣ ਲਈ ਸਕੂਲਾਂ ਵਲੋਂ ਆਪਣੀਆਂ ਐਂਟਰੀਆਂ ਜਿਲ੍ਹਾ ਪੱਧਰ ਤੇ ਭੇਜੀਆਂ ਜਾਣਗੀਆਂ।
- ਕਲਾ ਉਤਸਵ ਦੇ ਚਾਰੋਂ ਖੇਤਰਾਂ ਵਿੱਚ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀ ਵੀ ਭਾਗ ਲੈ ਸਕਦੇ ਹਨ।
- **Solo Music (Vocal):** Solo Music (Vocal) ਵਿੱਚ ਸਾਜ ਅਧਿਆਪਕ ਵੱਲੋ ਵਜਾਇਆ ਜਾ ਸਕਦਾ ਹੈ। ਪ੍ਰਤੀਯੋਗੀ ਵੱਲੋ ਟਰੈਕ ਤੇ ਜਾਂ ਫਿਰ ਆਰਕੇਸਟਰਾ ਟੀਮ ਨਾਲ ਗਾਇਆ ਜਾ ਸਕਦਾ ਹੈ।
- **Solo Music (Instrumental)**: Solo Music (Instrumental) ਵਿੱਚ ਪ੍ਰਤੀਯੋਗੀ ਵੱਲੋ ਤਬਲਾ, ਮ੍ਰਿਦੰਗਮ, ਸਿਤਾਰ, ਸਰੋਦ, ਬਾਂਸਰੀ, ਗਿਟਾਰ, ਵਾਈਲਨ, ਵੀਣਾ, ਸੰਤੂਰ, ਸ਼ਹਿਨਾਈ, ਕੀ-ਬੋਰਡ ਆਦਿ ਵਜਾਇਆ ਜਾ ਸਕਦਾ ਹੈ। ਇੰਨ੍ਹਾ ਸਾਜਾ ਨਾਲ ਸਿਰਫ Indian style ਸੰਗੀਤ ਹੀ ਵਜਾਇਆ ਜਾਵੇਗਾ।
- **Solo Dance:** ਡਾਂਸ ਦਾ ਪ੍ਰਦਸ਼ਰਨ ਕਿਸੇ ਵੀ ਸ਼ੈਲੀ ਵਿੱਚ ਕੀਤਾ ਜਾ ਸਕਦਾ ਹੈ ਜਿਵੇ ਕਿ Traditional /Classical/folk/Contemperary. Contemperary form ਵਿੱਚ regional and classical culture art form ਹੀ ਪੇਸ਼ ਕੀਤਾ ਜਾ ਸਕਦਾ ਹੈ।
- ਡਾਂਸ ਲਈ ਸੰਗੀਤ recorded ਅਤੇ ਲਾਈ ਦੋਵੇਂ ਹੋ ਸਕਦੇ ਹਨ।
- **Solo Painting:** ਪੇਟਿੰਗ ਦਾ ਮਾਧਿਅਮ (Water colours, Oil Colours, Caryans, Pencils, Acrylic Colours, etc) ਹੋਵੇਗਾ। ਪ੍ਰਤੀਯੋਗੀ ਵੱਲੋ ਇਕ ਹੀ ਪੇਟਿੰਗ ਜਮ੍ਹਾ ਕਰਵਾਈ ਜਾਵੇਗੀ।
- ਕਲਾ ਉਸਤਵ ਲਈ ਵੱਖ-ਵੱਖ ਖੇਤਰਾਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਅਤੇ ਸਮਾਂ ਸੀਮਾਂ ਅਨੁਲੱਗ ੳ ਤੇ ਦਿੱਤੀ ਗਈ ਹੈ, ਵੇਖ ਲਈ ਜਾਵੇ।
- ਕਲਾ ਉਤਸਵ ਵਿੱਚ ਭਾਗ ਲੈਣ ਵਾਲੇ ਸਕੂਲਾਂ ਵੱਲੋਂ ਭਾਰਤ ਸਰਕਾਰ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਨੂੰ ਜਰੂਰ ਪੜ੍ਹ ਲਿਆ ਜਾਵੇ। (ਪੱਤਰ ਨੱਥੀ)

Scanned by CamScanner

ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
ਸਮੱਗਰਾ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)
ਵਿੱਦਿਆ ਭਵਨ, ਈ ਬਲਾਕ, ਪੰਜਵੀ ਮੰਜਿਲ, ਫੇਜ਼-8 ਐਸ.ਏ.ਐਸ ਨਗਰ (ਮੁਹਾਲੀ) ,ਪੰਜਾਬ

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਪੰਜਾਬ

ਮੀਮੋ ਨੰ. ਸਮੱਗਰਾ/ਪਲਾਨ/2019/ 419952 ਮਿਤੀ: 11-12-19

ਵਿਸ਼ਾ: ਸਮੱਗਰਾ ਸਿਖਿਆ ਅਧੀਨ ਰਾਜ ਪੱਧਰ ਤੇ 9ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀਆਂ ਲਈ "ਕਲਾ ਉਤਸਵ" ਕਰਵਾਉਣ ਸਬੰਧੀ।

1.0 ਉਪਰਕੋਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕਰਨਾ ਜੀ।

2.0 ਰਾਜ ਪੱਧਰੀ ਕਲਾ ਉਤਸਵ ਮਿਤੀ 15.12.19 ਸਵੇਰੇ 10.30 ਵਜੇ ਪੰਜਾਬ ਸਕੂਲ ਸਿੱਖਿਆ ਦੇ ਆਡੀਟੋਰੀਅਮ ਵਿਖੇ ਕਰਵਾਇਆ ਜਾ ਰਿਹਾ ਹੈ ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

| ਲੜੀ ਨੰ | ਮਿਤੀ | ਗਤੀਵਿਧੀ | ਰਜਿਸਟ੍ਰੇਸ਼ਨ | ਇਨਾਮ ਵੰਡ ਸਮਾਰੋਹ |
|---|---|---|---|---|
| 1 | 15-12-2019 | Solo music Vocal, Solo music instrumental, Solo Dance, Solo Painting | 15-12-2019 ਸਵੇਰੇ 10.00 ਤੋਂ 10.30 ਵਜੇ ਤੱਕ | 15-12-2019 |

3.0 ਜਿਲ੍ਹਾ ਪੱਧਰ ਦੀ ਪ੍ਰਤੀਯੋਗਿਤਾ ਵਿੱਚ ਹਰੇਕ ਗਤੀਵਿਧੀ ਵਿਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਵੱਲੋ ਰਾਜ ਪੱਧਰ ਤੇ ਹੋਣ ਵਾਲੀ ਪ੍ਰਤੀਯੋਗਿਤਾ ਵਿੱਚ ਭਾਗ ਲਿਆ ਜਾਵੇਗਾ।

4.0 ਆਪ ਨੂੰ ਲਿਖਿਆ ਜਾਂਦਾ ਹੈ ਕਿ ਜਿਲ੍ਹਾ ਪੱਧਰ ਤੇ ਜੇਤੂ ਵਿਦਿਆਰਥੀ ਸਮੇਤ ਟੀਮ ਇੰਚਾਰਜ , ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ)/ ਉਪ ਜਿਲ੍ਹਾ ਸਿੱਖਿਆ ਅਫਸਰ ਦੀ ਸਮੂਲੀਅਤ ਯਕੀਨੀ ਬਣਾਈ ਜਾਵੇ। ਰਾਜ ਪੱਧਰ ਤੇ ਭਾਗ ਲੈਣ ਵਾਲੀਆ ਟੀਮਾਂ ਟੀ.ਏ, ਸਮੱਗਰਾ ਦੇ ਵਿੱਤੀ ਨਿਯਮਾਂ ਅਨੁਸਾਰ ਆਪਣੇ ਜਿਲ੍ਹੇ ਵਿੱਚੋ ਕਲੇਮ ਕਰਨਗੇ।

Scanned by C... S...

5.0 ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ) ਅਤੇ ਟੀਮ ਇੰਚਾਰਜ ਵੱਲੋ ਇਹ ਸੁਨਿਸ਼ਚਿਤ ਕੀਤਾ ਜਾਵੇ ਕਿ Solo Music Vocal, Solo Music Instrumental, Solo Dance, Solo Painting ਮਿਤੀ 15-12-19 ਨੂੰ ਸਵੇਰੇ 10:00 ਵਜੇ ਆਡੀਟੋਰੀਅਮ, ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ਼-8 ਮੁਹਾਲੀ, ਵਿਖੇ ਸਮੇ ਸਿਰ ਰਿਪੋਰਟ ਕਰਨ।

(ਦਸਤਖਤ)
ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ।

ਪੱਤਰ ਨੰ: ਸੀ-1( )2019/488

ਮਿਤੀ :- 13.12.2019

ਵੱਲ

ਸਰਕਾਰੀ ਸਕੂਲ, ਸਰਕਾਰੀ ਏਡਿਡ,
ਪ੍ਰਾਈਵੇਟ, ਲੋਕਲ ਬੌਡੀ ਅਤੇ ਕੇਂਦਰ
ਸਰਕਾਰ ਦੇ ਸਕੂਲ

ਵਿਸ਼ਾ – ਸਮੱਗਰਾ ਸਿੱਖਿਆ ਅਧੀਨ ਜ਼ਿਲ੍ਹਾ ਪੱਧਰ ਤੇ 9ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀਆਂ ਲਈ "ਕਲਾ ਉਤਸਵ" ਕਰਵਾਉਣ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਕੱਲ੍ਹ ਮਿਤੀ 14.12.2019 ਦਿਨ ਸ਼ਨੀਵਾਰ ਸਵੇਰੇ ਉਪਰੋਕਤ ਮੁਕਾਬਲੇ ਕਰਵਾਏ ਜਾਂਦੇ ਹਨ। ਇਹਨਾਂ ਮੁਕਾਬਲਿਆਂ ਵਿੱਚ ਭਾਗ ਲੈਣਾ ਅਤੇ ਸ਼ਮੂਲੀਅਤ ਯਕੀਨੀ ਬਣਾਈ ਜਾਵੇ। ਸਮਾਂ ਸਵੇਰੇ 10:30 ਵਜੇ, ਟੀਚਰ ਹੋਮ ਬਠਿੰਡਾ।

(ਦਸਤਖਤ)
ਉਪ ਜ਼ਿਲ੍ਹਾ ਸਿੱਖਿਆ ਅਫਸਰ (...)
ਬਠਿੰਡਾ।